National Research Journal of Social Sciences
Volume-11, Issue-1, January-June 2026
PP: 324-328
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ)
# ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਅਨਿੰਨ ਸਾਖੀਦਾਰ

**ਸਵਰਨਦੀਪ ਸਿੰਘ ਨੂਰ**

ਅਸਿਸਟੈਂਟ ਪ੍ਰੋਫ਼ੈਸਰ
ਸਰਕਾਰੀ ਕਾਲਜ, ਹੁਸ਼ਿਆਰਪੁਰ

**ਸਾਰ**

ਇਹ ਖੋਜ ਪੱਤਰ ਸਿੱਖ ਇਤਿਹਾਸ ਦੀ ਅਹਿਮ ਸ਼ਖ਼ਸੀਅਤ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ ਜੀ) ਦੇ ਜੀਵਨ, ਸੇਵਾ ਅਤੇ ਰਣਨੀਤਿਕ ਮਹੱਤਵ ਦਾ ਇੱਕ ਵਿਗਿਆਨਿਕ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਭਾਈ ਜੈਤਾ ਜੀ ਕੇਵਲ ਇੱਕ ਸ਼ਰਧਾਲੂ ਸੇਵਾਦਾਰ ਹੀ ਨਹੀਂ ਸਨ, ਸਗੋਂ ਉਹ ਗੁਰੂ-ਘਰ ਪ੍ਰਤੀ ਅਟੁੱਟ ਨਿਭਾਅ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਦੇ ਜਿਉਂਦੇ-ਜਾਗਦੇ ਪ੍ਰਤੀਕ ਸਨ।

1675 ਈਸਵੀ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ, ਮੁਗ਼ਲ ਹਕੂਮਤ ਦੇ ਸਖ਼ਤ ਪਹਿਰਿਆਂ ਦੌਰਾਨ ਦਿੱਲੀ ਤੋਂ ਅਨੰਦਪੁਰ ਸਾਹਿਬ ਤੱਕ ਗੁਰੂ ਸਾਹਿਬ ਦਾ ਪਾਵਨ ਸੀਸ ਪਹੁੰਚਾਉਣਾ ਉਨ੍ਹਾਂ ਦੀ ਅਦੁੱਤੀ ਨਿਡਰਤਾ ਅਤੇ ਨੈਤਿਕ ਹਿੰਮਤ ਦੀ ਬੇਮਿਸਾਲ ਉਦਾਹਰਨ ਹੈ। ਇਹ ਖੋਜ ਪੱਤਰ ਉਨ੍ਹਾਂ ਦੇ ਸਮਾਜਿਕ ਪਿਛੋਕੜ ਤੋਂ ਲੈ ਕੇ ਖ਼ਾਲਸਾ ਪੰਥ ਵਿੱਚ ਬਤੌਰ ਜਰਨੈਲ ਨਿਭਾਈ ਗਈ ਅਹਿਮ ਭੂਮਿਕਾ ਦਾ ਡੂੰਘਾ ਅਧਿਐਨ ਕਰਦਾ ਹੈ। ਅੰਮ੍ਰਿਤ ਪਾਨ ਉਪਰੰਤ ਉਨ੍ਹਾਂ ਦਾ 'ਭਾਈ ਜੀਵਨ ਸਿੰਘ' ਬਣਨਾ ਸਿੱਖੀ ਦੇ ਸਮਾਨਤਾਵਾਦੀ ਸਿਧਾਂਤ ਅਤੇ ਜਾਤੀ-ਮੁਕਤ ਵਿਚਾਰਧਾਰਾ ਨੂੰ ਪ੍ਰਗਟਾਉਂਦਾ ਹੈ।

ਅੰਤ ਵਿੱਚ, ਇਹ ਅਧਿਐਨ ਸਿੱਧ ਕਰਦਾ ਹੈ ਕਿ ਭਾਈ ਜੈਤਾ ਜੀ ਦੀ ਵਿਰਾਸਤ ਆਧੁਨਿਕ ਸਮਾਜ ਲਈ ਸਮਾਜਿਕ ਨਿਆਂ, ਧਾਰਮਿਕ ਸਹਿਣਸ਼ੀਲਤਾ ਅਤੇ ਮਨੁੱਖੀ ਮਰਿਆਦਾ ਦੇ ਪ੍ਰਸੰਗ ਵਿੱਚ ਅਤਿ ਪ੍ਰੇਰਣਾਦਾਇਕ ਹੈ। ਉਨ੍ਹਾਂ ਦਾ ਜੀਵਨ ਵਿਸ਼ਵ ਭਰ ਦੇ ਨਿਆਂ-ਪਸੰਦ ਲੋਕਾਂ ਲਈ ਅਗਵਾਈ ਦਾ ਇੱਕ ਸਦੀਵੀ ਸੋਮਾ ਹੈ।

**Keywords :** 1. ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ), 2. ਗੁਰੂ ਤੇਗ਼ ਬਹਾਦਰ ਜੀ, 3. ਗੁਰੂ ਸਿੱਖ ਪਰੰਪਰਾ 4. ਸਿੱਖ ਇਤਿਹਾਸ, 5. ਰੰਘਰੇਟੇ ਗੁਰੂ ਕੇ ਬੇਟੇ, 6. ਸਮਾਨਤਾ ਅਤੇ ਸਮਾਜਿਕ ਨਿਆਂ

## ਭੂਮਿਕਾ

ਹੱਥਲਾ ਖੋਜ ਪੱਤਰ ਸਿੱਖ ਇਤਿਹਾਸ ਦੇ ਅਧਿਆਤਮਿਕ ਅਤੇ ਜੰਗੀ ਪ੍ਰਸੰਗ ਵਿੱਚ ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਦੇ ਬਹੁ-ਆਯਾਮੀ ਯੋਗਦਾਨ ਨੂੰ ਉਜਾਗਰ ਕਰਦਾ ਹੈ। ਸਿੱਖ ਵਿਰਾਸਤ ਵਿੱਚ ਜਿੱਥੇ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਆਧਾਰ ਹਨ, ਉੱਥੇ ਹੀ ਭਾਈ ਜੈਤਾ ਜੀ ਵਰਗੇ ਸਿਦਕੀ ਸਿੱਖਾਂ ਨੇ ਇਨ੍ਹਾਂ ਉੱਚ-ਆਦਰਸ਼ਾਂ ਨੂੰ ਆਪਣੀ ਬੀਰਤਾ ਅਤੇ ਸੇਵਾ ਰਾਹੀਂ ਵਿਹਾਰਕ ਰੂਪ ਪ੍ਰਦਾਨ ਕੀਤਾ।

1675 ਈਸਵੀ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਤੋਂ ਬਾਅਦ, ਭਾਈ ਜੈਤਾ ਜੀ ਨੇ ਅਤਿ ਨਾਜ਼ੁਕ ਹਾਲਤ ਵਿੱਚ ਗੁਰੂ ਸਾਹਿਬ ਦਾ ਪਾਵਨ ਸੀਸ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਪਹੁੰਚਾ ਕੇ ਇੱਕ ਅਹਿਮ ਇਤਿਹਾਸਿਕ ਭੂਮਿਕਾ ਨਿਭਾਈ। ਇਹ ਅਧਿਐਨ ਉਨ੍ਹਾਂ ਦੇ ਜੀਵਨ-ਵਿਵਰਣ, ਸਮਾਜਿਕ ਪਿਛੋਕੜ ਅਤੇ ਖ਼ਾਲਸਾ ਪੰਥ ਦੇ ਨਿਰਮਾਣ ਵਿੱਚ ਪਾਏ ਸੈਨਿਕ ਤੇ ਸਾਹਿਤਕ ਯੋਗਦਾਨ ਦਾ ਵਿਗਿਆਨਿਕ ਵਿਸ਼ਲੇਸ਼ਣ ਕਰਦਾ ਹੈ।

## ਪਰਿਵਾਰਕ ਵਿਰਾਸਤ ਅਤੇ ਸਮਾਜਿਕ ਪਿਛੋਕੜ

ਭਾਈ ਜੈਤਾ ਜੀ ਦਾ ਜਨਮ ਪਟਨਾ ਬਿਹਾਰ ਵਿਖੇ 13 ਦਸੰਬਰ 1661 (ਪੋਹ ਸਪਤਮੀ ਸੰਮਤ 1718 ਬਿਕਰਮੀ, ਸਾਕਾ 1583,) ਨੂੰ ਪਿਤਾ ਭਾਈ ਸਦਾ ਨੰਦ ਜੀ ਅਤੇ ਮਾਤਾ ਬੀਬੀ ਪ੍ਰੇਮੋ (ਅਸਲ ਨਾਂ ਲਾਜਵੰਤੀ) ਜੀ ਦੇ ਗ੍ਰਹਿ ਵਿਖੇ ਹੋਇਆ। ਉਸ ਅਸਥਾਨ 'ਤੇ ਹੁਣ ਗੁਰਦੁਆਰਾ 'ਗਊ ਘਾਟ' ਸਾਹਿਬ ਸੁਸ਼ੋਭਿਤ ਹੈ। ਬਾਲਕ ਦਾ ਨਾਮ 'ਜੈਤਾ' ਗੁਰੂ ਤੇਗ਼ ਬਹਾਦਰ ਜੀ ਨੇ ਆਪ ਰੱਖਿਆ'[1] ਇਨ੍ਹਾਂ ਦੇ ਮਾਤਾ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਪ੍ਰਚਾਰ ਯਾਤਰਾ ਨਾਲ ਇਧਰ ਪੂਰਬ ਵੱਲ ਆਏ ਹੋਏ ਸਨ। ਉਨ੍ਹਾਂ ਦਾ ਪਰਿਵਾਰਕ ਪਿਛੋਕੜ ਉਸ ਸਮੇਂ ਦੇ ਕਥਿਤ ਪਛੜੇ ਹੋਏ ਮਜ਼੍ਹਬੀ ਸਿੱਖ ਭਾਈਚਾਰੇ ਨਾਲ ਸਬੰਧਿਤ ਸੀ।

ਸਰਦਾਰ ਕਰਮ ਸਿੰਘ ਹਿਸਟੋਰੀਅਨ ਦੇ ਕਥਨ ਅਨੁਸਾਰ ਮਜ਼੍ਹਬੀ ਸਿੱਖਾਂ ਦੇ ਵਡੇਰੇ ਤੇ ਜੱਟ ਮਹਿਮੂਦ ਗਜ਼ਨਵੀ ਤੋਂ ਢੇਰ ਸਮਾਂ ਪਹਿਲਾਂ ਮੱਧ ਏਸ਼ੀਆ ਤੋਂ ਇਥੇ ਆਏ ਹੋਏ ਸਨ। ਇਸੇ ਲਈ ਆਰੀਆ ਦੇ ਚਾਰ ਵਰਣਾਂ-ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰਾਂ ਨਾਲ ਇਹਨਾਂ ਦਾ ਕੋਈ ਸੰਬੰਧ ਸਾਬਤ ਨਹੀਂ ਹੁੰਦਾ। ਸਭ ਤੋਂ ਪਹਿਲਾਂ ਰਾਜਪੂਤ ਇਹਨਾਂ ਨੂੰ ਅਪਨਾਉਣ ਤੇ ਆਪਣੇ ਆਪ ਵਿਚ ਜਜ਼ਬ ਕਰਨ ਲਈ ਉਤਾਵਲੇ ਹੋਏ, ਪਰ ਉਹ ਖੁਦ ਹੀ ਰਿਸ਼ਤੇ-ਨਾਤੇ ਜੋੜ ਕੇ ਇਹਨਾਂ ਵਿਚ ਜਜ਼ਬ ਹੋਣ ਲੱਗ ਪਏ ਜਿਸ ਕਰਕੇ ਮਜ਼੍ਹਬੀ ਸਿੱਖਾਂ ਤੇ ਜੱਟਾਂ ਦੇ ਬਹੁਤ ਸਾਰੇ ਗੋਤ ਰਾਜਪੂਤਾਂ ਨਾਲ ਮਿਲਦੇ ਜੁਲਦੇ ਨਜ਼ਰ ਆਉਂਦੇ ਹਨ।[2]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਭਾਈ ਜੈਤਾ ਜੀ ਦੇ ਪਰਿਵਾਰਕ ਪਿਛੋਕੜ ਬਾਰੇ ਸ. ਸ਼ਮਸ਼ੇਰ ਸਿੰਘ ਅਸ਼ੋਕ ਲਿਖਦੇ ਹਨ, ਬਾਬਾ ਜੀਵਨ ਸਿੰਘ ਜੀ ਦੇ ਵਡਾਰੂ ਵੈਦਿਕ ਕਾਲ ਤੋਂ ਹੁੰਦੇ ਹੋਏ ਪੁਰਾਣਿਕ ਕਾਲ ਲੰਘ ਸਿੱਧੇ ਪੰਜਾਬ ਦੇ ਰਾਜਪੂਤੀ ਕਾਲ ਦੇ ਸ਼ਾਹੀ ਖੋਖਰ ਖਾਨਦਾਨ ਨਾਲ ਜਾ ਰਲਦੇ ਹਨ।[3] ਇਸੇ ਖੋਖਰ ਖ਼ਾਨਦਾਨ ਵਿਚ ਭਾਈ ਜੈਤਾ ਦੇ ਨਕੜ ਦਾਦਾ 'ਭਾਈ ਕਲਿਆਣਾ' ਦਾ ਜਨਮ ਪਿੰਡ ਕੱਥੂ ਨੰਗਲ (ਪਹਿਲਾ ਨਾਂ ਰਾਇ ਨੰਗਲ) ਵਿਚ ਹੋਇਆ ਸੀ। ਭਾਈ ਕਲਿਆਣਾ ਜੀ ਇਸ ਪਿੰਡ ਦੇ ਮੋਢੀ ਸਨ।ਬਾਬਾ ਬੁੱਢਾ ਜੀ ਦਾ ਵੀ ਇਹੋ ਪਿੰਡ ਸੀ ਅਤੇ ਇਹਨਾਂ ਦੋਹਾਂ ਵਿਚ ਗੂੜ੍ਹੇ ਦੋਸਤਾਨਾ ਸਬੰਧ ਸਨ।

ਭਾਈ ਕਲਿਆਣਾ ਅੰਮ੍ਰਿਤਸਰ ਲਾਗਲੇ ਕੱਥੂਨੰਗਲ ਪਿੰਡ ਦਾ ਵਸਨੀਕ ਸੀ। ਉਹ ਅਕਬਰ ਦੇ ਸਮੇਂ ਸਿੱਖ ਬਣਿਆ ਸੀ। ਉਨ੍ਹਾਂ ਨੇ ਪੰਜਵੇਂ ਤੇ ਛੇਵੇਂ ਗੁਰੂ ਸਾਹਿਬਾਨ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਦਾ ਪੁੱਤਰ ਦਿੱਲੀ ਜਾ ਕੇ ਵੱਡਾ ਸੰਗੀਤਕਾਰ ਬਣਿਆ ਤੇ ਨੇੜਲੇ ਪਿੰਡ 'ਰਾਏਸੀਨਾ' ਵਿਚ ਆਪਣੇ ਪਿਤਾ ਜੀ ਦੇ ਨਾਂ ਤੇ 'ਕਲਿਆਣ ਆਸ਼ਰਮ ਸੰਗੀਤ ਸਕੂਲ' ਚਲਾਇਆ। ਕਲਿਆਣ ਆਸ਼ਰਮ ਬਾਅਦ ਵਿਚ ਕਲਿਆਣੇ ਦੀ ਧਰਮਸ਼ਾਲਾ ਕਰਕੇ ਪ੍ਰਸਿੱਧ ਹੋਇਆ ਤੇ ਦਿੱਲੀ ਜਾਣ ਵਾਲੇ ਸਿੱਖ ਯਾਤਰੀ ਅਕਸਰ ਉੱਥੇ ਰੁਕਿਆ ਕਰਦੇ ਸਨ। ਗੁਰੂ ਤੇਗ਼ ਬਹਾਦਰ ਜੀ ਵੀ ਚੇਤ ਸੁਦੀ ਪੰਜ ਸੰਮਤ, 1720 ਬਿਕਰਮੀ (21/03/1664) ਨੂੰ ਪੂਰਬ ਦੀ ਯਾਤਰਾ ਤੋਂ ਵਾਪਸ ਆਉਂਦੇ ਸਮੇਂ ਇਥੇ ਠਹਿਰੇ ਸਨ। ਸੁੱਖਭਾਨ ਦਾ ਪੁੱਤਰ ਜੱਸਭਾਨ ਵੀ ਵਧੀਆ ਸੰਗੀਤਕਾਰ ਸੀ। ਜੱਸਭਾਨ ਦੇ ਦੋਵੇਂ ਪੁੱਤਰਾਂ ਆਗਿਆ ਰਾਮ ਤੇ ਸਦਾਨੰਦ ਨੇ ਦਿੱਲੀ ਦੀਆਂ ਸਿੱਖ ਸੰਗਤਾਂ ਲਈ ਗੁਰਬਾਣੀ ਗਾਇਨ ਜਾਰੀ ਰੱਖਿਆ। ਸਦਾਨੰਦ ਬਹੁਤ ਵਧੀਆ ਗਵੱਈਆ ਤੇ ਗੁਰੂ ਤੇਗ ਬਹਾਦਰ (1621–1675)23 ਦਾ ਸੰਗੀ ਸੀ।[4] ਭਾਈ ਸਦਾ ਨੰਦ ਜੀ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਤੋਂ ਹੀ ਗੁਰੂ ਘਰ ਨਾਲ ਜੁੜੇ ਹੋਏ ਸਨ। ਭਾਈ ਜੈਤਾ ਜੀ ਦਾ ਬਚਪਨ ਗੁਰੂ ਘਰ ਦੀ ਸੇਵਾ ਅਤੇ ਰੂਹਾਨੀ ਮਾਹੌਲ ਵਿਚ ਗੁਜ਼ਰਿਆ, ਜਿਸ ਕਾਰਨ ਉਨ੍ਹਾਂ ਅੰਦਰ ਨਿਡਰਤਾ ਅਤੇ ਸੇਵਾ ਭਾਵਨਾ ਕੁੱਟ-ਕੁੱਟ ਕੇ ਭਰੀ ਹੋਈ ਸੀ।

### ਗੁਰੂ-ਚਰਨਾਂ ਨਾਲ ਅਟੁੱਟ ਸਾਂਝ ਅਤੇ ਸੇਵਾ-ਸਮਰਪਣ

ਭਾਈ ਜੈਤਾ ਜੀ ਦਾ ਗੁਰੂ ਪਰਿਵਾਰ ਨਾਲ ਬਹੁਤ ਨਿੱਘਾ ਅਤੇ ਗਹਿਰਾ ਸਬੰਧ ਸੀ। ਉਹ ਨੌਵੇਂ ਗੁਰੂ, ਗੁਰੂ ਤੇਗ਼ ਬਹਾਦਰ ਜੀ ਦੇ ਬਹੁਤ ਨਜ਼ਦੀਕੀ ਸੇਵਕ ਸਨ। ਇਤਿਹਾਸਿਕ ਸਰੋਤਾਂ ਅਨੁਸਾਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ ਵਿਖੇ ਹੋਇਆ, ਤਾਂ ਭਾਈ ਜੈਤਾ ਜੀ ਉੱਥੇ ਹਾਜ਼ਰ ਸਨ ਅਤੇ ਉਨ੍ਹਾਂ ਨੇ ਬਾਲਾ ਪ੍ਰੀਤਮ ਦੀਆਂ ਬਚਪਨ ਦੀਆਂ ਖੇਡਾਂ ਵਿਚ ਸਰਗਰਮ ਹਿੱਸਾ ਲਿਆ। 'ਬਚਪਨ ਵਿਚ ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਜੈਤਾ ਇਕੱਠੇ ਖੇਡਦੇ ਰਹੇ ਤੇ ਇਹਨਾਂ ਦਾ ਆਪਸ ਵਿਚ ਬੜਾ ਪਿਆਰ ਬਣ ਗਿਆ। ਆਪ ਬਹੁਤ ਸਮਾਂ ਪਟਨਾ ਸਾਹਿਬ ਵਿਖੇ ਰਹੇ। ਇਸ ਮਗਰੋਂ ਗੁਰੂ ਤੇਗ ਬਹਾਦਰ ਜੀ ਆਨੰਦਪੁਰ ਸਾਹਿਬ ਵਾਲੇ ਇਲਾਕੇ ਵਿਚ ਆ ਗਏ ਤਾਂ ਭਾਈ ਸਦਾ ਨੰਦ ਜੀ ਦਾ ਪਰਿਵਾਰ ਵੀ ਨਾਲ ਹੀ ਇਥੇ ਆ ਟਿਕਿਆ। ਭਾਈ ਜੈਤਾ ਜੀ ਨੇ ਇਥੇ ਬ੍ਰਹਮ ਵਿਦਿਆ ਪੜ੍ਹੀ ਤੇ ਗੁਰਮੁਖੀ ਸਿੱਖੀ ਅਤੇ ਸ਼ਸਤਰ ਵਿਦਿਆ ਵਿਚ ਨਿਪੁੰਨਤਾ ਹਾਸਲ ਕੀਤੀ'[5]

ਭਾਈ ਜੈਤਾ ਇਕ ਸੂਰਬੀਰ ਯੋਧਾ ਅਤੇ ਸਿਰੜੀ ਸਿੱਖ ਸੀ ਜਿਸ ਨੇ ਗੁਰੂ-ਘਰ ਦੀ ਸੇਵਾ ਵਿਚ ਆਪਣਾ ਜੀਵਨ ਕੁਰਬਾਨ ਕਰ ਦਿੱਤਾ ਸੀ।ਭਾਈ ਜੈਤਾ ਜੀ ਮੁੱਢ ਤੋਂ ਹੀ ਗੁਰੂ-ਘਰ ਪ੍ਰਤੀ ਪ੍ਰੇਮ ਅਤੇ ਸ਼ਰਧਾ ਰੱਖਦੇ ਸਨ ਅਤੇ ਛੇਤੀ ਹੀ ਉਹਨਾਂ ਸਿੱਖਾਂ ਵਿਚ ਸਥਾਨ ਗ੍ਰਹਿਣ ਕਰ ਗਏ ਜਿਹੜੇ ਗੁਰੂ-ਘਰ ਦੇ ਨਿਕਟਵਰਤੀ ਸਮਝੇ ਜਾਂਦੇ ਸਨ।ਗੁਰੂ ਤੇਗ ਬਹਾਦਰ ਜੀ ਦੀ ਮਾਲਵਾ ਵਿਖੇ ਪ੍ਰਚਾਰ- ਯਾਤਰਾ ਦੌਰਾਨ ਭਾਈ ਜੈਤਾ ਉਹਨਾਂ ਦੇ ਨਾਲ ਸੀ[6]

ਗੁਰੂ ਤੇਗ਼ ਬਹਾਦਰ ਜੀ ਦੇ ਧਾਰਮਿਕ ਸੰਘਰਸ਼ ਦੌਰਾਨ ਭਾਈ ਜੈਤਾ ਜੀ ਨੇ ਗੁਰੂ ਜੀ ਦੇ ਨਾਲ ਖੜ੍ਹ ਕੇ ਮੁਗ਼ਲਾਂ ਦੇ ਜ਼ੁਲਮਾਂ ਖ਼ਿਲਾਫ਼ ਅਡੋਲ ਸਥਿਤੀ ਦਿਖਾਈ। ਗੁਰੂ ਸਾਹਿਬ ਉਨ੍ਹਾਂ ਦੀ ਬਹਾਦਰੀ ਅਤੇ ਸਮਰਪਣ ਤੋਂ ਪੂਰੀ ਤਰ੍ਹਾਂ ਜਾਣੂੰ ਸਨ, ਇਸੇ ਲਈ ਸਭ ਤੋਂ ਨਾਜ਼ੁਕ ਸਮੇਂ ਵਿਚ ਭਾਈ ਜੈਤਾ ਜੀ ਨੂੰ ਗੁਰੂ ਜੀ ਦੀ ਸ਼ਹਾਦਤ ਨਾਲ ਜੁੜੀ ਮਹੱਤਵਪੂਰਨ ਜ਼ੁੰਮੇਵਾਰੀ ਮਿਲੀ।

### ਸ਼ਾਸਤਰ-ਬੋਧ ਅਤੇ ਸ਼ਸਤਰ-ਕਲਾ ਦਾ ਅਦੁੱਤੀ ਸੰਗਮ

ਭਾਈ ਜੈਤਾ ਦੇ ਪਰਿਵਾਰ ਦਾ ਗੁਰੂ ਪਰਿਵਾਰ ਨਾਲ ਅਤੀ ਨਜ਼ਦੀਕੀ ਦਾ ਸਬੰਧ ਸੀ। ਇਸ ਲਈ ਜਿੰਨ੍ਹਾਂ ਉਸਤਾਦਾਂ ਪਾਸੋਂ (ਗੁਰੂ) ਗੋਬਿੰਦ ਰਾਇ ਜੀ ਨੂੰ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਦੀ ਸਿਖਲਾਈ ਦਿਵਾਈ ਗਈ ਸੀ, ਉਹਨਾਂ ਉਸਤਾਦਾਂ ਪਾਸੋਂ ਹੀ ਭਾਈ ਜੈਤਾ ਜੀ ਨੇ ਵੀ ਇਹ ਵਿੱਦਿਆ ਪ੍ਰਾਪਤ ਕੀਤੀ, ਹਾਲਾਂਕਿ ਭਾਈ ਜੈਤਾ ਜੀ ਗੋਬਿੰਦ ਰਾਇ ਜੀ ਤੋਂ ਲਗਪਗ ਪੰਜ ਸਾਲ ਵੱਡੇ ਸਨ। ਭਾਈ ਜੈਤਾ ਜੀ ਦੀ ਸ਼ਖ਼ਸੀਅਤ ਵੱਖ-ਵੱਖ ਵਿਦਵਾਨਾਂ ਦੀ ਅਗਵਾਈ ਹੇਠ ਹੋਈ ਬਹੁ-ਪੱਖੀ ਸਿੱਖਿਆ ਦਾ ਸੁਮੇਲ ਸੀ। ਉਨ੍ਹਾਂ ਨੇ ਆਪਣੀ ਮੁੱਢਲੀ ਭਾਸ਼ਾਈ ਅਤੇ ਅਧਿਆਤਮਿਕ ਸਿੱਖਿਆ ਹੇਠ ਲਿਖੇ ਸੋਮਿਆਂ ਤੋਂ ਪ੍ਰਾਪਤ ਕੀਤੀ:

- **ਭਾਸ਼ਾਈ ਗਿਆਨ:** ਉਨ੍ਹਾਂ ਨੇ ਗੁਰਮੁਖੀ ਲਿਪੀ ਦਾ ਗਿਆਨ ਹਰ ਜਸ ਰਾਇ ਪਾਸੋਂ ਲਿਆ, ਜਦਕਿ ਪੰਡਤ ਕਿਰਪਾ ਰਾਮ ਤੋਂ ਸੰਸਕ੍ਰਿਤ ਦੀ ਮੁਹਾਰਤ ਹਾਸਲ ਕੀਤੀ। ਪੀਰ ਮੁਹੰਮਦ ਦੀ ਸਰਪ੍ਰਸਤੀ ਹੇਠ ਅਰਬੀ, ਹਿੰਦੀ ਅਤੇ ਬ੍ਰਜ ਭਾਸ਼ਾ ਵਿਚ ਨਿਪੁੰਨਤਾ ਪ੍ਰਾਪਤ ਕੀਤੀ।
- **ਕਲਾ ਅਤੇ ਗੁਰਬਾਣੀ:** ਸੰਗੀਤ ਦੀਆਂ ਬਾਰੀਕੀਆਂ ਅਤੇ ਗੁਰਬਾਣੀ ਦੇ ਡੂੰਘੇ ਫ਼ਲਸਫ਼ੇ ਦੀ ਗੁੜ੍ਹਤੀ ਉਨ੍ਹਾਂ ਨੂੰ ਆਪਣੇ ਪਿਤਾ, ਭਾਈ ਸਦਾ ਨੰਦ ਜੀ ਪਾਸੋਂ ਵਿਰਸੇ ਵਿਚ ਮਿਲੀ।


© Copyright @ Authors

- **ਸ਼ਾਸਤਰੀ ਅਧਿਐਨ:** ਬਾਲ ਉਮਰ ਵਿਚ ਹੀ ਉਨ੍ਹਾਂ ਨੇ ਪ੍ਰਾਚੀਨ ਭਾਰਤੀ ਸਾਹਿਤ ਅਤੇ ਦਰਸ਼ਨ ਦਾ ਗਹਿਰਾ ਅਧਿਐਨ ਕਰ ਲਿਆ ਸੀ। ਇਸ ਵਿਚ ਮੁੱਖ ਤੌਰ ’ਤੇ ਰਮਾਇਣ, ਮਹਾਂਭਾਰਤ, ਗੀਤਾ, ਪੁਰਾਣ, ਉਪਨਿਸ਼ਦ, ਸਿਮ੍ਰਿਤੀਆਂ ਅਤੇ ਯੋਗ ਵਸ਼ਿਸ਼ਟ ਵਰਗੇ ਮਹੱਤਵਪੂਰਨ ਗ੍ਰੰਥ ਸ਼ਾਮਲ ਸਨ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਪਾਵਨ ਸੰਗਤ, ਪਰਿਵਾਰਕ ਸੰਸਕਾਰ, ਅਧਿਆਤਮਿਕ ਵਿਰਸਾ ਅਤੇ ਵੱਖ-ਵੱਖ ਧਾਰਮਿਕ ਗ੍ਰੰਥਾਂ ਦੇ ਅਧਿਐਨ ਨੇ ਭਾਈ ਜੈਤਾ ਜੀ ਦੇ ਮਾਨਸਿਕ ਅਤੇ ਅਧਿਆਤਮਿਕ ਮੰਡਲ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ।

ਭਾਈ ਜੈਤਾ ਜੀ ਨੇ ਤਲਵਾਰਬਾਜ਼ੀ, ਤੀਰ-ਅੰਦਾਜ਼ੀ, ਬੰਦੂਕ ਚਲਾਉਣੀ, ਨੇਜਾਬਾਜ਼ੀ ਤੈਰਾਕੀ ਅਤੇ ਘੋੜ ਸਵਾਰੀ ਅਤੇ ਤਰਕ ਗਿਆਨ ਵਿਚ ਵਿਸ਼ੇਸ਼ ਤੌਰ 'ਤੇ ਨਿਪੁੰਨਤਾ ਹਾਸਲ ਕੀਤੀ। ਭਾਈ ਜੈਤਾ ਜੀ ਨੂੰ ਭਾਈ ਬੱਜਰ ਜੀ ਸਹਾਦਰਾ ਪਰਗਣਾ ਵਜੀਰਾਬਾਦ ਨੇ ਘੋੜ ਸਵਾਰੀ ਦੀ ਸਿਖਲਾਈਦਿੱਤੀ। ਆਪ ਦੌੜਦੇ ਘੋੜੇ ਉਤੇ ਖੜ੍ਹੇ ਹੋ ਜਾਂਦੇ ਸਨ। ਦੁਨੀਆਂ ਵਿਚ ਸ਼ਾਇਦ ਹੀ ਕੋਈ ਅਜਿਹਾ ਯੋਧਾ ਹੋਇਆ ਹੋਵੇ, ਜੋ ਘੋੜੇ ’ਤੇ ਸਵਾਰ ਹੋ ਕੇ ਮੂੰਹ ਵਿਚ ਲਗਾਮ ਫੜੇ, ਸੱਜੇ ਅਤੇ ਖੱਬੇ ਦੋਹਾਂ ਹੱਥਾਂ ਨਾਲ ਦੋ ਤਲਵਾਰਾਂ ਇਕੋ ਸਮੇਂ ਚਲਾ ਸਕਦਾ ਹੋਵੇ।...ਜੇਕਰ ਇਤਿਹਾਸ ਨੂੰ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਦੁਨੀਆਂ ਵਿਚ ਹਾਲੇ ਤਕ ਉਸ ਦਾ ਕੋਈ ਸਾਨੀ ਪੈਦਾ ਨਹੀਂ ਹੋਇਆ ਜੋ ਇਕੋ ਵੇਲੇ ਦੋ ਬੰਦੂਕਾਂ ਦੇ ਨਾਲ ਇਕੱਠਿਆਂ ਅਚੁੱਕ ਨਿਸ਼ਾਨੇ ਸਾਧ ਸਕੇ। ਆਪ ਪਾਸ ਨਾਗਨੀ ਅਤੇ ਬਾਘਨੀ ਨਾਮ ਦੀਆਂ ਦੋ ਬੰਦੂਕਾਂ ਸਨ।

ਸ. ਰਤਨ ਸਿੰਘ ਭੰਗੂ ਬਾਬਾ ਜੀਵਨ ਸਿੰਘ ਜੀ ਦੇ ਮਹਾਨ ਬੰਦੂਕਚੀ ਹੋਣ ਬਾਰੇ ਇਵੇਂ ਗਵਾਹੀ ਭਰਦੇ ਹਨ ;

*ਜੀਵਨ ਸਿੰਘ ਰੰਘਰੇਟੜੋ, ਬੰਦੂਕੀ ਖੂਬ ਅਖਵਾਇ॥*

*ਏਕ ਬੁਰਜ ਮਧ ਸੋ ਬਰਯੋ, ਏਕਲ ਹੀ ਥੋ ਸਾਇ॥*[7]

ਨਿਰਸੰਦੇਹ ਬਾਬਾ ਜੀਵਨ ਸਿੰਘ ਜੀ ਇੱਕ ਬੇਮਿਸਾਲ ਸ਼ਾਹ-ਸਵਾਰ ਅਤੇ ਰਣਨੀਤਕ ਹੁਨਰ ਦੇ ਮਾਲਕ ਸਨ। ਬਾਬਾ ਜੀਵਨ ਸਿੰਘ ਜੀ ਦੀ ਸ਼ਖ਼ਸੀਅਤ ਇੱਕ ਅਜਿਹੇ ਉੱਚ-ਕੋਟੀ ਦੇ ਸੈਨਿਕ ਜਰਨੈਲ ਵਜੋਂ ਉੱਭਰਦੀ ਹੈ, ਜਿਨ੍ਹਾਂ ਕੋਲ ਅਸਾਧਾਰਨ ਜੰਗੀ ਮੁਹਾਰਤ ਅਤੇ ਦਲੇਰੀ ਦਾ ਸੁਮੇਲ ਸੀ।ਇੱਕ ਨਿਪੁੰਨ ਸ਼ਾਹ-ਸਵਾਰ ਹੋਣ ਦੇ ਨਾਤੇ, ਉਨ੍ਹਾਂ ਵਿਚ ਇਹ ਵਿਲੱਖਣ ਸਮਰੱਥਾ ਸੀ ਕਿ ਉਹ ਬੇਹੱਦ ਤੇਜ਼ ਰਫ਼ਤਾਰ ਘੋੜੇ 'ਤੇ ਸਵਾਰ ਹੋ ਕੇ, ਦੋਵਾਂ ਹੱਥਾਂ ਨਾਲ ਤਲਵਾਰਬਾਜ਼ੀ ਕਰਦਿਆਂ ਦੁਸ਼ਮਣ ਦੀਆਂ ਸਫ਼ਾਂ ਨੂੰ ਚੀਰ ਸਕਦੇ ਸਨ।ਉਨ੍ਹਾਂ ਦੀ ਤੀਖਣ ਬੁੱਧੀ, ਇਕਾਗਰਤਾ, ਸਰੀਰਕ ਫ਼ੁਰਤੀ, ਮਾਨਸਿਕ ਦ੍ਰਿੜ੍ਹਤਾ ਅਤੇ ਯੁੱਧ-ਨੀਤੀ ਪ੍ਰਤੀ ਸੂਝ-ਬੂਝ ਉਨ੍ਹਾਂ ਨੂੰ ਇੱਕ ਮਹਾਨ ਅਤੇ ਪ੍ਰਭਾਵਸ਼ਾਲੀ ਸੈਨਾਪਤੀ ਵਜੋਂ ਸਥਾਪਿਤ ਕਰਦੀ ਹੈ।ਭਾਈ ਜੈਤਾ ਜੀ ਗੁਰੂ ਤੇਗ਼ ਬਹਾਦਰ ਜੀ ਦੇ ਅੰਗ-ਰੱਖਿਅਕ ਵੀ ਸਨ। ਰਣਜੀਤ ਨਗਾਰੇ ਦੇ ਪਹਿਲੇ ਨਗਾਰਚੀ ਹੋਣ ਦਾ ਮਾਣ ਵੀ ਭਾਈ ਜੈਤਾ ਜੀ ਨੂੰ ਹੀ ਪ੍ਰਾਪਤ ਹੈ।

### ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਅਤੇ ਭਾਈ ਜੈਤਾ ਜੀ ਦੀ ਇਤਿਹਾਸਿਕ ਭੂਮਿਕਾ

ਭਾਈ ਜੈਤਾ ਜੀ ਦੀ ਇਤਿਹਾਸਿਕ ਭੂਮਿਕਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੇ ਦੌਰਾਨ ਇੱਕ ਅਹਿਮ ਰਣਨੀਤਕ ਕੜੀ ਵਜੋਂ ਉਭਰਦੀ ਹੈ। 1675 ਈਸਵੀ ਵਿੱਚ, ਜਦੋਂ ਨੌਵੇਂ ਪਾਤਸ਼ਾਹ ਦਿੱਲੀ ਵਿੱਚ ਮੁਗ਼ਲ ਹਕੂਮਤ ਦੀ ਕੈਦ ਵਿੱਚ ਸਨ, ਤਾਂ ਭਾਈ ਜੈਤਾ ਜੀ ਨੇ ਅਤਿ ਨਾਜ਼ੁਕ ਹਾਲਾਤ ਵਿੱਚ ਗੁਰੂ ਸਾਹਿਬ ਦੁਆਰਾ ਰਚਿਤ 57 ਸਲੋਕ, ਗੁਰਿਆਈ ਦੀਆਂ ਵਸਤਾਂ (ਪੰਜ ਪੈਸੇ ਤੇ ਨਾਰੀਅਲ) ਅਤੇ ਸੰਗਤ ਦੇ ਨਾਂ ਅਹਿਮ ਸੰਦੇਸ਼ ਸੁਰੱਖਿਅਤ ਰੂਪ ਵਿੱਚ ਅਨੰਦਪੁਰ ਸਾਹਿਬ ਪਹੁੰਚਾਏ। ਇਸ ਸੇਵਾ ਉਪਰੰਤ, ਬਾਲ ਗੋਬਿੰਦ ਰਾਇ ਜੀ ਨੇ ਉਨ੍ਹਾਂ ਦੀ ਨਿਡਰਤਾ ਅਤੇ ਦਲੇਰੀ ’ਤੇ ਭਰੋਸਾ ਕਰਦਿਆਂ, ਉਨ੍ਹਾਂ ਨੂੰ ਦਿੱਲੀ ਤੋਂ ਪਿਤਾ ਗੁਰੂ ਦਾ ਪਾਵਨ ਸੀਸ ਵਾਪਸ ਲਿਆਉਣ ਦੀ ਮਹਾਨ ਅਤੇ ਜੋਖ਼ਮ-ਭਰਪੂਰ ਜ਼ਿੰਮੇਵਾਰੀ ਸੌਂਪੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਉਪਰੰਤ, ਭਾਈ ਜੈਤਾ ਜੀ ਵੱਲੋਂ ਦਿੱਲੀ ਤੋਂ ਅਨੰਦਪੁਰ ਸਾਹਿਬ ਤੱਕ ਪਾਵਨ ਸੀਸ ਲਿਜਾਣ ਦਾ ਸਫ਼ਰ ਸਿੱਖ ਇਤਿਹਾਸ ਦੀ ਇੱਕ ਵਿਲੱਖਣ ਘਟਨਾ ਹੈ।ਭਾਣਾ ਬੀਤ ਜਾਣ ਤੋਂ ਬਾਅਦ ਭਾਈ ਜੈਤਾ ਜੀ ਨੂੰ ਜਿਨ੍ਹਾਂ ਪੜ੍ਹਾਵਾਂ 'ਤੇ ਠਹਿਰਨ ਦੀ ਲੋੜ ਪਈ ਉਹਨਾਂ ਸਿਦਕੀ ਤੇ ਸ਼ਰਧਾਲੂ ਸਿੱਖਾਂ ਦੇ ਨਾਮ ਪਤਿਆਂ ਤੋਂ ਆਪ ਗੁਰੂ ਜੀ ਨਾਲ ਰਹਿਣ ਕਾਰਨ ਪਹਿਲਾਂ ਜਾਣੂ ਸਨ। ‘ਭਾਈ ਜੈਤਾ ਭੇਸ ਬਦਲ ਕੇ ਗੁਰੂ ਜੀ ਦੇ ਸੀਸ ਨੂੰ ਸਾਫ ਸੁਥਰੇ ਬਸਤਰਾਂ ਵਿਚ ਲਪੇਟ ਕੇ, ਤੇਜ਼ ਰਫ਼ਤਾਰ ਘੋੜੇ ਤੇ ਸੁਆਰ ਹੋ ਕੇ ਆਨੰਦਪੁਰ ਲਈ ਚਲ ਚੁਕਾ ਸੀ। ਕੂਚਾ ਦਿਲਵਾਲੀ ਅਤੇ ਜਮੁਨਾ ਕੰਢੇ ਭਾਈ ਲੱਖੀ ਸ਼ਾਹ ਦੇ ਡੇਰੇ (ਕੈਂਪ) ਤੇ ਹੋਈ ਮੀਟਿੰਗ ਵਿਚ ਇਹ ਯੋਜਨਾ ਬਣਾਈ ਗਈ ਸੀ ਕਿ ਭਾਈ ਜੈਤਾ ਜਰਨੈਲੀ ਸੜਕ ਦੇ ਨਾਲ ਨਾਲ ਪਿੰਡਾਂ ਚੋਂ ਸਫਰ ਕਰਦਾ ਕੀਰਤਪੁਰ ਵੱਲ ਵਧੇਗਾ, ਭਾਈ ਊਦਾ ਅਤੇ ਭਾਈ ਨਾਨੂੰ ਉਸਦੀ ਰਖਿਆ ਲਈ ਉਸ ਦੇ ਅੱਗੇ ਤੇ ਪਿੱਛੇ ਇਸ ਤਰ੍ਹਾਂ ਚਲਦੇ ਰਹਿਣਗੇ ਜਿਵੇਂ ਇਨ੍ਹਾਂ ਵਿਚੋਂ ਕੋਈ ਕਿਸੇ ਨੂੰ ਜਾਣਦਾ ਯਾ ਪਹਿਚਾਣਦਾ ਨਾ ਹੋਵੇ। ਕਿਸੇ ਵੀ ਖ਼ਤਰੇ ਦੀ ਹਾਲਤ ਵਿਚ ਇਹ ਸਾਰੇ ਇਕੱਠੇ ਹੋ ਕੇ ਆਪਣੇ ਮਿਸ਼ਨ ਨੂੰ ਜਾਰੀ ਰਖਣਗੇ।ਗੁਰੂ ਜੀ ਦਾ ਸੀਸ ਲੈ ਕੇ ਜਾਣ ਵਾਲੇ ਸਾਰੇ ਸਿੱਖ ਸ਼ਸਤਰਧਾਰੀ ਅਤੇ ਯੁੱਧ ਵਿਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ।’[8]

ਭਾਈ ਜੈਤਾ ਜੀ ਆਪਣੀ ਪੂਰਬਲੀ ਜਾਣਕਾਰੀ ਅਤੇ ਰਣਨੀਤਕ ਸੂਝ ਸਦਕਾ ਉਨ੍ਹਾਂ ਨੇ ਇਸ ਜੋਖ਼ਮ-ਭਰੀ ਯਾਤਰਾ ਦੌਰਾਨ ਬਾਗਪਤ (ਯੂ. ਪੀ), ਤਰਾਵੜੀ, ਜ਼ਿਲਾ ਕਰਨਾਲ ਹਰਿਆਣਾ, ਅੰਬਾਲ਼ਾ ਸ਼ਹਿਰ, ਨਾਭਾ ਜ਼ਿਲਾ ਪਟਿਆਲ਼ਾ, ਕੀਰਤਪੁਰ ਸਾਹਿਬ ਜ਼ਿਲਾ ਰੂਪਨਗਰ ਅਤੇ ਕੀਰਤਪੁਰ ਸਾਹਿਬ ਵਰਗੇ ਅਹਿਮ ਪੜਾਵਾਂ 'ਤੇ ਸ਼ਰਧਾਲੂ ਸਿੱਖਾਂ ਕੋਲ ਵਿਸ਼ਰਾਮ ਕੀਤਾ। ਕੀਰਤਪੁਰ ਸਾਹਿਬ ਵਿਖੇ ‘ਬਬਾਨਗੜ੍ਹ ਸਾਹਿਬ’ ਉਹ ਅਸਥਾਨ ਹੈ ਜਿੱਥੇ ਸੀਸ ਦਾ ਪਹਿਲਾ ਰਸਮੀ ਸਵਾਗਤ ਹੋਇਆ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਔਰੰਗਜ਼ੇਬ ਦੀ ਫ਼ੌਜ ਤੇ ਪੁਲਿਸ ਹਲਕਾਏ ਬਘਿਆੜਾਂ ਦੀ ਤਰ੍ਹਾਂ ਗਲੀਆਂ ਬਾਜ਼ਾਰਾਂ, ਜੰਗਲਾਂ, ਨਦੀਆਂ ਨਾਲਿਆਂ ਵਿਚੋਂ ਉਸ ਆਦਮੀ ਦੀ ਭਾਲ ਕਰ ਰਹੀ ਸੀ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਇਤਨੀ ਦਲੇਰੀ ਤੇ ਫੁਰਤੀ ਨਾਲ ਸਭ ਦੇ ਅੱਖੀਂ ਘੱਟਾ ਪਾ ਕੇ ਤਲਵਾਰਾਂ ਅਤੇ ਸੰਗੀਨਾਂ ਦੀ ਛਾਂ ਅਤੇ ਫ਼ੌਜ ਪੁਲਿਸ ਦੇ ਸਖ਼ਤ ਪਹਿਰੇ ਵਿਚੋਂ ਸੀਸ ਚੁੱਕ ਲੈ ਗਿਆ ਹੈ, ਕਿਸੇ ਨੂੰ ਇਹ ਭੀ ਪਤਾ ਨਹੀਂ ਸੀ ਕਿ ਉਹ ਕਿਸ ਹਾਲਤ, ਕਿਸ ਭੇਸ ਵਿਚ ਚਾਂਦਨੀ ਚੌਕ ਦਿੱਤੀ ਤੋਂ ਨਿਕਲਿਆ ਹੈ।

ਅਨੰਦਪੁਰ ਸਾਹਿਬ ਪਹੁੰਚਣ 'ਤੇ ਜਦੋਂ ਭਾਈ ਜੈਤਾ ਜੀ ਨੇ ਸੀਸ ਭੇਟ ਕੀਤਾ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਅਥਾਹ ਸਤਿਕਾਰ ਦਿੰਦਿਆਂ ਛਾਤੀ ਨਾਲ ਲਗਾਇਆ ਅਤੇ "ਰੰਘਰੇਟੇ ਗੁਰੂ ਕੇ ਬੇਟੇ" ਦੇ ਇਤਿਹਾਸਿਕ ਖ਼ਿਤਾਬ ਨਾਲ ਨਿਵਾਜਿਆ। ਅਕਾਦਮਿਕ ਦ੍ਰਿਸ਼ਟੀ ਤੋਂ ਇਹ ਘਟਨਾ ਕੇਵਲ ਇੱਕ ਸ਼ਾਬਦਿਕ ਵਰਦਾਨ ਨਹੀਂ ਸੀ, ਸਗੋਂ ਸਿੱਖੀ ਵਿੱਚ ਜਾਤ-ਪਾਤ ਦੇ ਭੇਦਭਾਵ ਨੂੰ ਜੜ੍ਹੋਂ ਖ਼ਤਮ ਕਰਨ ਅਤੇ ਮਨੁੱਖੀ ਬਰਾਬਰੀ ਸਥਾਪਿਤ ਕਰਨ ਦਾ ਇੱਕ ਮਹਾਨ ਕ੍ਰਾਂਤੀਕਾਰੀ ਐਲਾਨ ਸੀ।

**ਭਾਈ** ਜੈਤਾ ਤੋਂ **ਭਾਈ** ਜੀਵਨ ਸਿੰਘ

ਗੁਰੂ ਗੋਬਿੰਦ ਸਿੰਘ ਜੀ ਵੱਲੋਂ 1699 ਈਸਵੀ ਵਿਚ ਖ਼ਾਲਸਾ ਪੰਥ ਦੀ ਸਾਜਨਾ ਸਿੱਖ ਇਤਿਹਾਸ ਦਾ ਮੀਲ ਪੱਥਰ ਹੈ। ਭਾਈ ਜੈਤਾ ਜੀ ਇਸ ਮਹਾਨ ਘਟਨਾ ਦੇ ਸਿੱਧੇ ਸਾਕੀ ਸਨ। ਖ਼ਾਲਸਾ ਦੀ ਸਾਜਨਾ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਜੈਤਾ ਜੀ ਨੂੰ ਅੰਮ੍ਰਿਤ ਛਕਾ ਕੇ 'ਭਾਈ ਜੀਵਨ ਸਿੰਘ' ਨਾਮ ਬਖ਼ਸ਼ਿਆ। ਇਹ ਘਟਨਾ ਸਿੱਖ ਧਰਮ ਦੇ ਸਮਾਨਤਾ ਦੇ ਸਿਧਾਂਤ ਨੂੰ ਸਭ ਤੋਂ ਉੱਚੇ ਦਰਜੇ 'ਤੇ ਲੈ ਗਈ। ਭਾਈ ਜੀਵਨ ਸਿੰਘ ਨੇ ਖ਼ਾਲਸਾ ਫੌਜ ਦੇ ਇੱਕ ਪ੍ਰਮੁੱਖ ਜਰਨੈਲ ਵਜੋਂ ਸੇਵਾ ਨਿਭਾਈ। ਅੱਗੇ ਚੱਲ ਕੇ ਉਨ੍ਹਾਂ ਨੇ ਭੰਗਾਣੀ, ਨਾਦੌਣ ਅਤੇ ਅਨੰਦਪੁਰ ਸਾਹਿਬ ਸਮੇਤ ਅਨੇਕਾਂ ਜੰਗਾਂ ਵਿਚ ਅਦੁੱਤੀ ਬਹਾਦਰੀ ਦੇ ਬੇਮਿਸਾਲ ਜੌਹਰ ਦਿਖਾਏ।

ਭਾਈ ਜੈਤਾ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਗ-ਸੰਗ ਰਹਿ ਕੇ ਸਾਰੇ ਹੀ ਪ੍ਰਮੁੱਖ ਯੁੱਧਾਂ ਵਿਚ ਹਿੱਸਾ ਲਿਆ ਤੇ ਬਹਾਦਰੀ, ਦਲੇਰੀ, ਦ੍ਰਿੜ੍ਹਤਾ ਸਹਿਤ ਤਲਵਾਰਬਾਜ਼ੀ ਤੇ ਨਿਸ਼ਾਨੇਬਾਜ਼ੀ ਦੇ ਜੌਹਰ ਦਿਖਾਏ। ਕਿਹਾ ਜਾਂਦਾ ਹੈ ਕਿ ਭਾਈ ਜੈਤਾ ਜੀ ਦਾ ਵਿਆਹ ੧੬੯੦ ਈ: ਨੂੰ ਅਨੰਦਪੁਰ ਸਾਹਿਬ ਵਿਖੇ ਭਾਈ ਸੁਜਾਨ ਸਿੰਘ ਦੀ ਸਪੁੱਤਰੀ ਰਾਜ ਕੌਰ ਨਾਲ ਹੋਇਆ। ਸ੍ਰ: ਸਮਸ਼ੇਰ ਸਿੰਘ ਅਸ਼ੋਕ ਅਨੁਸਾਰ ਭਾਈ ਸਾਹਿਬ ਦੇ ਘਰ ਭਾਈ ਗੁਰਦਿਆਲ ਸਿੰਘ, ਭਾਈ ਗੁਲਜ਼ਾਰ ਸਿੰਘ, ਭਾਈ ਸੁਖਾ ਸਿੰਘ ਤੇ ਭਾਈ ਸੰਤ ਸਿੰਘ ਚਾਰ ਸਪੁੱਤਰ ਵੀ ਹੋਏ।[9]

**ਸਰਸਾ ਦੇ ਪ੍ਰਵਾਹ ਤੋਂ ਪਾਰ: ਭਾਈ ਜੈਤਾ ਜੀ ਦੀ ਗੁੰਮਨਾਮ ਸਾਹਿਤਕ ਵਿਰਾਸਤ**

ਸਿੱਖ ਇਤਿਹਾਸ ਦੇ ਅਧਿਐਨ ਵਿੱਚ ਭਾਈ ਜੈਤਾ ਜੀ ਦੀ ਪਛਾਣ ਆਮ ਤੌਰ 'ਤੇ ਇੱਕ ਮਹਾਨ ਯੋਧੇ ਵਜੋਂ ਰਹੀ ਹੈ, ਪ੍ਰੰਤੂ ਉਨ੍ਹਾਂ ਦੀ ਬੌਧਿਕ ਅਤੇ ਸਾਹਿਤਿਕ ਸ਼ਖ਼ਸੀਅਤ ਬਾਰੇ ਅਕਾਦਮਿਕ ਹਲਕਿਆਂ ਵਿੱਚ ਬਹੁਤ ਸੀਮਤ ਚਰਚਾ ਹੋਈ ਹੈ। ਉਹ ਇੱਕ ਉੱਚ-ਕੋਟੀ ਦੇ ਸਾਹਿਤਕਾਰ ਸਨ, ਜਿਨ੍ਹਾਂ ਨੇ ਸਾਹਿਤ ਦੀਆਂ ਦੋ ਪ੍ਰਮੁੱਖ ਵਿਧਾਵਾਂ—ਪਦ ਅਤੇ ਗਦ ਵਿੱਚ ਆਪਣੀ ਸਿਰਜਣਾਤਮਿਕ ਮੁਹਾਰਤ ਦਾ ਪ੍ਰਮਾਣ ਦਿੱਤਾ। ਉਨ੍ਹਾਂ ਦੀਆਂ ਸਾਹਿਤਿਕ ਰਚਨਾਵਾਂ ਦੀ ਹੋਣੀ ਵੀ ਉਸ ਦੌਰ ਦੇ ਹੋਰ ਅਹਿਮ ਸਿੱਖ ਦਸਤਾਵੇਜ਼ਾਂ ਵਰਗੀ ਹੀ ਰਹੀ। ਅਨੰਦਪੁਰ ਸਾਹਿਬ ਛੱਡਣ ਸਮੇਂ ਸਰਸਾ ਨਦੀ ਦੇ ਭਿਆਨਕ ਹੜ੍ਹ ਨੇ ਇਸ ਵੱਡਮੁੱਲੇ ਗਿਆਨ-ਭੰਡਾਰ ਦਾ ਵੱਡਾ ਹਿੱਸਾ ਆਪਣੀ ਲਪੇਟ ਵਿੱਚ ਲੈ ਲਿਆ।ਇਸ ਤ੍ਰਾਸਦੀ ਦੇ ਬਾਵਜੂਦ, ਉਹ ਸਾਹਿਤਿਕ ਹਿੱਸਾ ਸੁਰੱਖਿਅਤ ਰਹਿ ਸਕਿਆ ਜੋ ਜਾਂ ਤਾਂ ਸਮੇਂ ਸਿਰ ਉਨ੍ਹਾਂ ਦੇ ਜੱਦੀ ਨਗਰ ਪਹੁੰਚ ਚੁੱਕਾ ਸੀ ਜਾਂ ਫਿਰ ਕਿਸੇ ਸ਼ਰਧਾਲੂ ਸਿੱਖ ਕੋਲ ਪਿਆ ਸੀ। ਵਰਤਮਾਨ ਸਮੇਂ ਵਿੱਚ ਉਨ੍ਹਾਂ ਦੀ ਇੱਕੋ ਰਚਨਾ 'ਸ੍ਰੀ ਗੁਰੂ ਕਥਾ'[10] ਮਿਲਦੀ ਹੈ। ਇਹ ਭਾਈ ਸਾਹਿਬ ਦੀ ਇੱਕ ਮਹੱਤਵਪੂਰਨ ਕਾਵਿ-ਰਚਨਾ ਹੈ, ਜੋ ਉਨ੍ਹਾਂ ਦੇ ਕਾਵਿ-ਕੌਸ਼ਲ ਅਤੇ ਇਤਿਹਾਸਿਕ ਸੂਝ ਨੂੰ ਬਾਖ਼ੂਬੀ ਪੇਸ਼ ਕਰਦੀ ਹੈ।

ਭਾਈ ਜੈਤਾ ਜੀ ਵਿਦਵਾਨ ਕਵੀ ਸਨ, ਉਨ੍ਹਾਂ ਨੇ ਇਸ ਰਚਨਾ ਵਿਚ 'ਫ਼ਾਰਸੀ, ਹਿੰਦੀ ਅਤੇ ਉਸ ਸਮੇਂ ਲਿਖੀ ਜਾਣ ਵਾਲ਼ੀ ਪੰਜਾਬੀ ਭਾਸ਼ਾ ਦੀ ਵਰਤੋਂ ਤਜਰਬੇਕਾਰ ਕਵੀ ਵਜੋਂ ਕੀਤੀ। ਇਸ ਵਿਚ ਪ੍ਰਮੁੱਖ ਰੂਪ ਵਿਚ 'ਪਿੰਗਲੀ ਛੰਦਾਂ ਦੀ ਵਰਤੋਂ ਦਾ ਬੜਾ ਖਿਆਲ ਰੱਖਿਆ।ਇਸੇ ਲਈ ਇਸ ਵਿਚ ਪ੍ਰਮੁੱਖ ਰੂਪ ਵਿਚ ਪਿੰਗਲੀ ਛੰਦਾਂ ਦੀ ਵਰਤੋਂ ਕੀਤੀ, ਉਨ੍ਹਾਂ ਵਿਚ ਸਵੱਯੀਆ, ਦੋਹਰਾ, ਕਬਿੱਤ, ਕੁੰਡਲੀ, ਚੌਪਈ, ਰੋਲਾ, ਸਿਰਖੰਡੀ, ਸ਼ਬਦ, ਸੋਰਠ ਅਤੇ ਅੜਿਲ ਮੁਖ ਹਨ। ਇਨ੍ਹਾਂ ਛੰਦਾਂ ਨੂੰ ਜਿਸ ਯੋਗਤਾ ਪੂਰਵਕ ਨਿਭਾਇਆ ਹੈ, ਉਸ ਤੋਂ ਭਾਈ ਸਾਹਿਬ ਦੀ ਪਿੰਗਲ ਪ੍ਰਤੀ ਸੂਝ ਬੂਝ ਦਾ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ।[11]

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਿਖ ਅਕਾਦਮਿਕ ਅਧਿਐਨ ਵਿਚ 'ਸ੍ਰੀ ਗੁਰ ਸੋਭਾ' ਦੇ ਕਰਤ੍ਰਿਤਵ ਸਬੰਧੀ ਇਕ-ਮੱਤਤਾ ਨਹੀਂ ਹੈ।ਇਤਿਹਾਸ ਹਮੇਸ਼ਾ ਖੋਜ-ਦਰ-ਖੋਜ ਦਾ ਵਿਸ਼ਾ ਹੈ। ਹਾਲੇ ਸਿੱਖ ਵਿਦਵਾਨਾਂ ਵੱਲੋ ਇਸ ਰਚਨਾ ਨੂੰ ਭਾਈ ਜੈਤਾ ਜੀ ਕ੍ਰਿਤ ਮੰਨੇ ਜਾਣ ਸਬੰਧੀ ਕਾਫ਼ੀ ਮੱਤਭੇਦ ਪਾਏ ਜਾਂਦੇ ਹਨ। ਇਸ ਸਬੰਧੀ ਸਿੱਖ ਵਿਦਵਾਨਾਂ ਨੂੰ ਸਿਰ ਜੋੜ ਕੇ ਬੈਠਣ ਦੀ ਜ਼ਰੂਰਤ ਹੈ ਤਾਂ ਜੋ ਮੱਤਭੇਦ ਖ਼ਤਮ ਕੀਤੇ ਜਾਣ ਅਤੇ ਨਾਲ ਭਾਈ ਜੈਤਾ ਜੀ ਦੀਆਂ ਹੋਰ ਰਚਨਾਵਾਂ ਦੀ ਖੋਜਬੀਨ ਕੀਤੀ ਜਾਣੀ ਚਾਹੀਦੀ ਹੈ।

**ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੀ ਸ਼ਹਾਦਤ**

ਸਿੱਖ ਇਤਿਹਾਸਕਾਰੀ ਵਿੱਚ ਬਾਬਾ ਜੀਵਨ ਸਿੰਘ (ਭਾਈ ਜੈਤਾ ਜੀ) ਦੀ ਸ਼ਹਾਦਤ ਦਾ ਸਮਾਂ ਅਤੇ ਸਥਾਨ ਅਕਾਦਮਿਕ ਬਹਿਸ ਦਾ ਵਿਸ਼ਾ ਰਿਹਾ ਹੈ। ਵਿਦਵਾਨਾਂ ਅਤੇ ਇਤਿਹਾਸਕ ਸਰੋਤਾਂ ਵਿੱਚ ਇਸ ਸਬੰਧੀ ਮੁੱਖ ਤੌਰ 'ਤੇ ਦੋ ਭਿੰਨ ਮੱਤ ਪ੍ਰਚਲਿਤ ਹਨ:

- **ਸਰਸਾ ਨਦੀ ਦਾ ਘੇਰਾ :** ਕੁਝ ਮੁੱਢਲੇ ਸਿੱਖ ਸਰੋਤਾਂ ਅਨੁਸਾਰ, ਭਾਈ ਜੈਤਾ ਜੀ ਦਸੰਬਰ 1704 ਵਿੱਚ ਅਨੰਦਪੁਰ ਸਾਹਿਬ ਛੱਡਣ ਉਪਰੰਤ ਸਰਸਾ ਨਦੀ ਦੇ ਕੰਢੇ ਮੁਗ਼ਲ ਫ਼ੌਜਾਂ ਨਾਲ ਲੋਹਾ ਲੈਂਦਿਆਂ ਸ਼ਹੀਦ ਹੋਏ ਸਨ। ਇਸ ਮੱਤ ਅਨੁਸਾਰ ਉਹ ਪਰਿਵਾਰ ਵਿਛੋੜੇ ਦੇ ਉਸ ਭਿਆਨਕ ਦੌਰ ਵਿੱਚ ਪਿਛਲੀ ਗਾਰਦ (Rearguard) ਦੀ ਅਗਵਾਈ ਕਰ ਰਹੇ ਸਨ।


© Copyright @ Authors

- **ਚਮਕੌਰ ਦੀ ਜੰਗ :** ਦੂਜੇ ਪਾਸੇ, ਕੁਝ ਇਤਿਹਾਸਕ ਹਵਾਲੇ ਇਹ ਪੁਸ਼ਟੀ ਕਰਦੇ ਹਨ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਚਮਕੌਰ ਦੀ ਗੜ੍ਹੀ ਤੱਕ ਪਹੁੰਚੇ ਸਨ। ਇਸ ਮਤ ਅਨੁਸਾਰ, ਗੁਰੂ ਸਾਹਿਬ ਦੇ ਗੜ੍ਹੀ ਵਿੱਚੋਂ ਨਿਕਲਣ ਤੋਂ ਬਾਅਦ, ਭਾਈ ਜੈਤਾ ਜੀ ਨੇ ਬਾਕੀ ਬਚੇ ਸਿੰਘਾਂ ਸਮੇਤ ਅਗਲੇ ਦਿਨ ਦੁਸ਼ਮਣ ਦੀਆਂ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸ਼ਹਾਦਤ ਪ੍ਰਾਪਤ ਕੀਤੀ।
- ਭਾਵੇਂ ਸ਼ਹਾਦਤ ਦੇ ਸਥਾਨ ਬਾਰੇ ਰਾਵਾਂ ਵਿੱਚ ਮੱਤਭੇਦ ਹੈ, ਪਰ ਭਾਈ ਜੈਤਾ ਜੀ ਦੀ ਬੇਮਿਸਾਲ ਕੁਰਬਾਨੀ ਅਤੇ ਗੁਰੂ-ਘਰ ਪ੍ਰਤੀ ਅਟੁੱਟ ਸ਼ਰਧਾ ਬਾਰੇ ਸਮੁੱਚਾ ਸਿੱਖ ਜਗਤ ਇਕਮੱਤ ਹੈ।ਉਹਨਾਂ ਦੀ ਸ਼ਹਾਦਤ ਵਿਸ਼ਵ ਇਤਿਹਾਸ ਵਿੱਚ ਸੂਰਮਗਤੀ ਅਤੇ ਵਫ਼ਾਦਾਰੀ ਦਾ ਇੱਕ ਵਿਲੱਖਣ ਅਧਿਆਏ ਹੈ।

- **ਖੋਜ ਦੀ ਲੋੜ**

ਮੌਜੂਦਾ ਇਤਿਹਾਸਕ ਦਸਤਾਵੇਜ਼ਾਂ ਵਿੱਚ ਪਾਏ ਜਾਂਦੇ ਵਖਰੇਵੇਂ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਸਿੱਖ ਅਕਾਦਮਿਕ ਜਗਤ ਵਿੱਚ ਇਸ ਵਿਸ਼ੇ ਉੱਤੇ ਹੋਰ ਡੂੰਘੇ ਅਤੇ ਨਿਗਰ ਖੋਜ ਕਾਰਜਾਂ ਦੀ ਲੋੜ ਹੈ। ਤੱਥਾਂ ਦੇ ਆਧਾਰ 'ਤੇ ਕੀਤੇ ਜਾਣ ਵਾਲੇ ਅਜਿਹੇ ਅਧਿਐਨ ਹੀ ਇਤਿਹਾਸਕ ਭੁਲੇਖਿਆਂ ਨੂੰ ਦੂਰ ਕਰਨ ਅਤੇ ਭਵਿੱਖ ਦੀ ਪੀੜ੍ਹੀ ਲਈ ਇੱਕ ਸਪਸ਼ਟ ਤਸਵੀਰ ਪੇਸ਼ ਕਰਨ ਵਿੱਚ ਸਹਾਈ ਹੋ ਸਕਦੇ ਹਨ।

**ਤੱਤ ਸਾਰ**

ਭਾਈ ਜੈਤਾ (ਬਾਬਾ ਜੀਵਨ ਸਿੰਘ) ਜੀ ਦਾ ਯੋਗਦਾਨ ਸਿੱਖੀ ਦੇ *ਸੇਵਾ* ਅਤੇ *ਸਮਰਪਣ* ਦੇ ਆਦਰਸ਼ਾਂ ਦਾ ਸ਼ਿਖਰ ਹੈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਪਾਵਨ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਲਿਆ ਕੇ ਉਨ੍ਹਾਂ ਨੇ ਨਾ ਕੇਵਲ ਇਤਿਹਾਸ ਨੂੰ ਨਵਾਂ ਮੋੜ ਦਿੱਤਾ, ਸਗੋਂ ਜਾਤ-ਪਾਤ ਦੇ ਅਮਾਨਵੀ ਸੰਕਲਪਾਂ ਨੂੰ ਰੱਦ ਕਰਕੇ ਸਿੱਖੀ ਵਿੱਚ ਮਾਨਵੀ ਬਰਾਬਰੀ ਦੇ ਸਿਧਾਂਤ ਨੂੰ ਵਿਹਾਰਕ ਰੂਪ ਵਿੱਚ ਸਥਾਪਿਤ ਕੀਤਾ। ਉਨ੍ਹਾਂ ਨੂੰ ਮਿਲਿਆ "ਰੰਘਰੇਟੇ ਗੁਰੂ ਕੇ ਬੇਟੇ" ਦਾ ਖ਼ਿਤਾਬ ਸਮਾਜਿਕ ਨਿਆਂ ਅਤੇ ਅਧਿਆਤਮਿਕ ਗੌਰਵ ਦਾ ਪ੍ਰਤੀਕ ਹੈ। ਅਕਾਦਮਿਕ ਪਰਿਪੇਖ ਵਿੱਚ, ਉਨ੍ਹਾਂ ਦੀ ਅਦੁੱਤੀ ਸ਼ਹਾਦਤ ਅਤੇ ਸਾਹਿਤਿਕ-ਸੈਨਿਕ ਯੋਗਦਾਨ ਮਨੁੱਖੀ ਅਧਿਕਾਰਾਂ ਅਤੇ ਧਾਰਮਿਕ ਦ੍ਰਿੜ੍ਹਤਾ ਦੇ ਅਧਿਐਨ ਲਈ ਇੱਕ ਪ੍ਰੇਰਨਾਦਾਇਕ ਮੀਲ-ਪੱਥਰ ਹੈ।

**ਹਵਾਲੇ**

1. ਜਸਵੰਤ ਸਿੰਘ, ਗੁਰੂ ਕੇ ਬੇਟੇ, ਸ਼ਹੀਦ ਬਾਬਾ ਜੀਵਨ ਸਿੰਘ ਜੀ ਵਿਦਿਅਕ ਅਤੇ ਭਲਾਈ ਟਰੱਸਟ (ਰਜਿ.), ਚੰਡੀਗੜ੍ਹ, 2001, ਪੰਨਾ 72
2. ਸ਼ਮਸ਼ੇਰ ਸਿੰਘ ਅਸ਼ੋਕ, ਮਜ਼੍ਹਬੀ ਸਿੱਖਾਂ ਦਾ ਇਤਿਹਾਸ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, (ਸੰ: ਪੰਜਵਾਂ) 2021, ਪੰਨਾ 128
3. ਉਹੀ
4. ਨਰੰਜਨ 'ਆਰਿਫ਼ੀ, ਰੰਘਰੇਟਿਆਂ ਦਾ ਇਤਿਹਾਸ, 224-226, ਰਾਜ ਕੁਮਾਰ ਹੰਸ, ਪੰਜਾਬ ਦੇ ਇਨਕਲਾਬ : ਸਿੱਖੀ ਅਤੇ ਦਲਿਤ ਸਾਹਿਤਕਾਰੀ, (ਅਨੁ. ਮੰਗਤ ਰਾਮ) ਚੇਤਨਾ ਪ੍ਰਕਾਸ਼ਨ, ਲੁਧਿਆਣਾ, 2025, ਪੰਨਾ 54 ਤੋਂ ਉਧਰਿਤ
5. ਡਾ. ਗੁਰਮੁਖ ਸਿੰਘ, ਭਾਈ ਜੈਤਾ ਜੀ : ਜੀਵਨ ਤੇ ਰਚਨਾ, ਲਿਟਰੇਚਰ ਹਾਊਸ, ਅੰਮ੍ਰਿਤਸਰ, 1994, ਪੰਨਾ 13
6. ਡਾ. ਪਰਮਵੀਰ ਸਿੰਘ, ਗੁਰੂ ਤੇਗ਼ ਬਹਾਦਰ ਜੀ : ਜੀਵਨ, ਮਹਿਮਾ ਅਤੇ ਚਰਨ ਛੋਹ ਅਸਥਾਨ, ਨਿਰਮਲ ਆਸ਼ਰਮ, ਰਿਸ਼ੀਕੇਸ਼, 2022, ਪੰਨਾ 66
7. ਸ. ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਪੰਨਾ ੫੯
8. ਡਾ. ਹਰਬੰਸ ਸਿੰਘ, ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਸਾਹਿਬ ਕਿਵੇਂ ਪਹੁੰਚਿਆ, ਦਿੱਲੀ ਸਿੱਖ ਗੁਰ. ਪ੍ਰਬੰ. ਕਮੇਟੀ ਦਿੱਲੀ, ਪੰਨਾ 8
9. ਰੂਪ ਸਿੰਘ, *ਭਾਈ ਜੈਤਾ : ਭਾਈ ਜੀਵਨ ਸਿੰਘ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮਿਤਸਰ, 1998, ਪੰਨਾ 9
10. ਸ੍ਰੀ ਗੁਰ ਕਥਾ ਦਾ ਅਸਲ ਖਰੜਾ (ਅਸਾਮ ਵਾਲਾ) ਸ੍ਰੀ ਨਰੰਜਨ 'ਆਰਿਫ਼ੀ' ਦੀ ਨਿੱਜੀ ਲਾਇਬ੍ਰੇਰੀ, ਫ਼ਰੀਦਕੋਟ ਵਿਖੇ ਸੁਰੱਖਿਅਤ ਮੌਜੂਦ
11. ਸੁਰਿੰਦਰ ਸਿੰਘ ਰਾਜਪੂਤ, ਬਹਾਦਰ ਭਾਈ ਜੈਤਾ ਜੀ, ਨਵਰੰਗ ਪਬਲੀਕੇਸ਼ਨਜ਼, ਸਮਾਣਾ, 2025, ਪੰਨਾ 9
12. ਭਾਈ ਜੈਤਾ ਜੀ (ਬਾਬਾ ਜੀਵਨ ਸਿੰਘ) ਸਬੰਧੀ ਪ੍ਰਕਾਸ਼ਿਤ ਕਈ ਨਵੀਨ ਪੁਸਤਕਾਂ ਵਿੱਚੋਂ ਇਸ ਰਚਨਾ ਨੂੰ ਪੜ੍ਹਿਆ ਜਾ ਸਕਦਾ ਹੈ।


© Copyright @ Authors